ਕਟਰ ਹਰਚਰਨ ਸਿੰਘ ਹੋਰਾਂ ਨੇ ਇਹ 1971 ਵਿਚ ਲਿਖਿਆ ਅਤੇ ਅਸੀਂ ਇਸ ਨਵੰਬਰ 1972 ਵਾਲੀ ਰਾਤ ਆਪਣੇ ਾ ਨਾਟ ਮੇਲੇ ਵਿਚ ਖੇਡਿਆ। ਇਹ ਇਕ ਵਿਅੰਗ ਹੈ। ਆਜ਼ਾਦੀ ਦੇ ਚੌਵੀ ਸਾਲ ਜਾਣ ਤੋਂ ਬਾਅਦ ਭਾਰਤ ਵਿਚ ਜਿਹੜਾ ਵਰਤਾਰਾ ਚੱਲ ਰਿਹਾ ਹੈ, ਉਹਦੀ ਭ੍ਰਿਸ਼ਟ ਪੂਰੀ ਤਰ੍ਹਾਂ ਨੰਗੀ ਹੋ ਚੁੱਕੀ ਹੈ। ਸਿਆਸਤ ਵਾ ਦੀ ਥਾਂ ਪੂਰੀ ਤਰ੍ਹਾਂ ਵਪਾਰ ਬਣ ਚੁੱਕਿਆ ਮ.ਐਲ.ਏ. ਬਣਨਾ ਵਜ਼ੀਰ ਬਣਨਾ, ਇਸ ਦੀਆਂ ਹੀ ਪੌੜੀਆਂ ਹਨ। ਜਿੰਨੀ ਉਚੀ ਤੇ ਚੜ੍ਹ ਸਕੋ, ਉਨਾ ਹੀ ਬਹੁਤਾ ਲਾਹੇਵੰਦ ਪਾਰ ਵਿਚ ਲਾਹਾ ਲੈਣ ਲਈ ਹਰ ਹਰਬਾ ਾ ਜਾਇਜ਼ ਹੈ, ਇਸ ਲਈ ਸਿਆਸਤ ਵਿਚ ਹਰਬਾ ਵਰਤਣਾ ਕੋਈ ਗੈਰ-ਕੁਦਰਤੀ ਇਹਦੇ ਲਈ ਨੈਤਿਕਤਾ ਦੀ ਗੱਲ ਕਰਨੀ ਜ਼ਰੂਰੀ ਨਹੀਂ। ਹਰਚਰਨ ਸਿੰਘ ਨੇ ਲੀ ਸਿਆਸੀ ਵਰਤਾਰੇ ਦੀ ਭ੍ਰਿਸ਼ਟਤਾ ਨੂੰ ਨਾਟਕ ਵਿਚ ਨੰਗਿਆ ਕੀਤਾ ਹੈ। ਇਹ ਲਈ ਉਹ ਨੇ ਨਾਟਕ ਕਲਾ ਦੀਆਂ ਵਿਧੀਆਂ ਤਰ੍ਹਾਂ ਵਰਤਿਆ ਹੈ। ਫਲਸਰੂਪ ਇਹ ਇਕ ਸ਼ਕਤੀਸ਼ਾਲੀ ਨਾਟਕੀ ਕ੍ਰਿਤ ਹੋ ਹੈ।

ਸ ਨਾਟਕ ਦਾ ਕੇਂਦਰੀ ਪਾਤਰ ਇਕ ਡੇਰੇ ਤ ਚਰਨ ਦਾਸ ਹੈ, ਜੋ ਮਹੰਤੀ ਕਰਦਾ ਹੁਣ ਲ. ਏ. ਤੇ ਵਜ਼ੀਰ ਬਣਨ ਦੇ ਸੁਪਨੇ ਲੈ ਡੇਰੇ ਵਿਚ ਝੂਠ, ਪਖੰਡ ਤੇ ਅਯਾਸ਼ੀ ਦਾ ਚਲਾਉਣ ਵਿਚ ਜੋ ਉਹਨੇ ਤਰਜਬਾ ਕੀਤਾ ਹੈ, ਉਸ ਨੂੰ ਹੁਣ ਉਹ ਰਾਜਸੀ ਖੇਤਰ ਰਤਣਾ ਚਾਹੁੰਦਾ ਹੈ। ਪਹਿਲਾ ਵੇਲਾ ਹੁੰਦਾ ਤ ਚਰਨ ਦਾਸ ਧਾਰਮਿਕ ਡੇਰੇ 'ਚ ਹੀ ਰਹਿੰਦਾ ਕਿਉਂਕਿ ਉਥੇ ਵੀ ਉਸ ਨੂੰ ਸਾਰੇ ਰਾਮ ਤੇ ਐਸ਼ੋ-ਇਸ਼ਰਤ ਮੁਹੱਈਆ ਹੈ। ਂ ਜਵਾਨ ਕੁੜੀਆਂ ਮੁੱਠੀ ਚਾਪੀ ਲਈ ਬ ਹਨ। ਡੇਰੇ ਦੀ ਟਹਿਲਣ ਪ੍ਰੇਮੋ ਦੇ ਫਾਹੁਣ ਦੇ ਕੰਮ ਵਿਚ ਪੂਰੀ ਤਰ੍ਹਾਂ ਹੈ ਪਰ ਮਹੰਤ ਹੁਣ ਸੰਤੁਸ਼ਟ ਨਹੀਂ, ਹੁਣ ਉਹ ਵੇਖਦਾ ਹੈ ਕਿ ਧਾਰਮਿਕ ਵਾਲੇ ਡੇਰਿਆਂ ਨਾਲੋਂ ਸਿਆਸੀ ਲੇਬਲ

# ਕੱਲ੍ਹ ਅੱਜ ਤੇ ਭਲਕ

ਵਾਲੇ ਡੇਰੇ ਬਹੁਤੇ ਲਾਹੇਵੰਦ ਹਨ। ਸਿਆਸਤ ਬੰਦੇ ਨੂੰ ਜੋ ਸ਼ਕਤੀ ਦੇਂਦੀ ਹੈ, ਉਹ ਡੇਰੇ ਦੇ ਸਾਧਾਂ ਨੂੰ ਨਸੀਬ ਨਹੀਂ। ਅਸੈਂਬਲੀ ਦੀ ਮੈਂਬਰੀ ਹੋਵੇ ਤਾਂ ਕੁਲਾਂ ਤਰ ਜਾਂਦੀਆਂ ਹਨ, ਕੋਠੀਆਂ ਰਹਿਣ ਨੂੰ, ਕਾਰਾਂ ਚੜ੍ਹਨ ਨੂੰ, ਨੌਕਰ ਕੰਮ ਕਰਨ ਨੂੰ। ਭਾਰਤ ਦੇ ਸਭ ਤੋਂ ਸੋਹਣੇ ਸ਼ਹਿਰ ਚੰਡੀਗੜ੍ਹ ਵਿਚ ਡੇਰਾ ਲਗਣਾ ਏ, ਕਿਸੇ ਉਜਾੜ ਵਿਚ ਨਹੀਂ। ਹੋਰ ਕੀ ਚਾਹੀਦਾ ਏ? ਵਜ਼ੀਰ ਬਣ ਗਏ ਤਾਂ ਪੁੱਛੋ ਨਾ।

ਵਜ਼ੀਰ ਨਾਲੋਂ ਵੱਡੀ ਮਹੰਤੀ ਹੋਰ ਕਿਹੜੀ ਹੋ ਸਕਦੀ ਏ? ਨਾਟਕ ਦਾ ਪਹਿਲਾ ਅੰਕ ਇਹ ਸਭ ਕੁਝ ਸਥਾਪਤ ਕਰਦਾ ਹੈ।

ਅਗਲੇ ਅੰਕਾਂ ਵਿਚ ਮਹੰਤ ਚਰਨ ਦਾਸ ਦਾ ਸੁਪਨੇ ਵਿਚ ਪਹਿਲਾਂ ਐਮ. ਐਲ. ਏ. ਤੇ ਫੇਰ ਵਜ਼ੀਰ ਬਣਨ ਦਾ ਅਮਲ ਸ਼ੁਰੂ ਹੁੰਦਾ ਹੈ। ਮਹੰਤ ਹੋਰਾਂ ਨੇ ਪਹਿਲੇ ਮਾਇਆ ਲਗਾਉਣੀ ਹੈ ਤੇ ਫੇਰ ਉਹ ਦੂਣ ਸਵਾਈ ਹੋ ਕੇ ਵਾਪਸ ਮੋੜਨੀ ਹੈ। ਚੇਲੇ ਚਾਪੜੇ, ਗੁਮਾਸ਼ਤੇ, ਦਲਾਲ ਆਦਿ ਇਕੱਠੇ ਹੋ ਗਏ ਹਨ। ਮਹੰਤ ਹੋਰੀਂ ਲੋਕਾਂ ਵਿਚ ਬੜੇ ਹਨਮਨ ਪਿਆਰੇ ਹਨ, ਇਹ ਸਾਬਤ ਕਰਨ ਲਈ ਉਨ੍ਹਾਂ ਨੂੰ ਥੈਲੀ ਪੇਸ਼ ਹੋਣੀ ਹੈ, ਸਿੱਕਿਆਂ ਵਿਚ ਉਨ੍ਹਾਂ ਨੇ ਤੋਲਿਆ ਜਾਣਾ ਹੈ। ਥੈਲੀ ਲਈ ਮਾਇਆ ਇਕੱਠੀ ਕਰਨ ਲਈ ਵਪਾਰੀਆਂ ਨੂੰ ਪਹੁੰਚ ਕੀਤੀ ਜਾਂਦੀ ਹੈ। ਲਾਰੇ ਵੀ ਦਿੱਤੇ ਜਾਂਦੇ ਹਨ ਤੇ ਧਮਕੀਆਂ ਵੀ ਦਿੱਤੀਆਂ ਜਾਂਦੀਆਂ ਹਨ। ਕੱਲ੍ਹ ਨੂੰ ਆਉਣ ਵਾਲੇ ਸਮੇਂ ਦਾ ਨਕਸ਼ਾ ਖਿੱਚਿਆ ਜਾਂਦਾ ਹੈ। ਮਹੰਤ ਹੋਰੀਂ ਐਮ.ਐਲ.ਏ. ਬਣਨਗੇ, ਵਜ਼ੀਰ ਬਣਨਗੇ ਤੇ ਫੇਰ ਉਨ੍ਹਾਂ ਦੀ ਲੋੜ ਵਪਾਰੀਆਂ ਨੂੰ ਹੀ ਪੈਣੀ ਹੈ। ਲੁੱਟੋ ਖੂਬ ਲੁੱਟੋ, ਲੋਕਾਂ ਦੀ ਪੂਰੀ ਤਰ੍ਹਾਂ ਛਿੱਲ ਲਾਹੋ ਤੇ ਮਹੰਤ ਹੋਰਾਂ ਦਾ ਪੂਰੀ ਤਰ੍ਹਾਂ ਫਾਇਦਾ ਉਠਾਓ।

ਐਮ.ਐਲ.ਏ. ਬਣਨ ਲਈ ਲੋਕਾਂ ਦੀ ਲੋੜ ਹੈ। ਵੱਡੇ ਜਲਸੇ ਕਰੋ, ਜਲਸੇ ਵਿਚ ਲੋਕ ਇਕੱਠੇ ਕਰਨ ਲਈ ਭੰਡਾਂ ਦਾ ਤਮਾਸ਼ਾ ਵਿਖਾਓ, ਗਾਉਣ ਵਾਲੀਆਂ ਸੱਦੋ, ਇਲਾਕੇ ਦੇ ਪਤਵੰਤਿਆਂ ਕੋਲੋਂ ਮਹੰਤ ਹੋਰਾਂ ਨੂੰ ਹਾਰ ਪਵਾਓ। ਸਕੂਲ ਦੇ ਬੱਚੇ ਵੀ ਬੁਲਾਓ। ਮਾਸਟਰ ਤੇ ਮਾਸਟਰਨੀਆਂ ਨੂੰ ਬੁਲਾਓ। ਸੋਹਣੀ ਜਿਹੀ ਮਾਸਟਰਨੀ ਦੀ ਮੁਸਕਰਾਹਟ ਦੀ ਤਾਰੀਫ ਕਰੋ ਤੇ ਦੱਸੋ ਕਿ ਮੁਸਕਾਂਦੀਆਂ ਹੋਈਆਂ ਮਾਸਟਰਨੀਆਂ ਬੱਚਿਆਂ ਦੇ ਵਿਕਾਸ ਲਈ ਬੜੀਆਂ ਜ਼ਰੂਰੀ ਹਨ। ਐਮ.ਐਲ.ਏ. ਬਣਨ ਤੋਂ ਬਾਅਦ ਹੁਣ ਵਜ਼ੀਰੀ ਵੀ ਮਿਲ ਗਈ ਹੈ। ਹੁਣ ਚੋਣ ਜਲਸਾ ਨਹੀਂ, ਸਵਾਗਤੀ ਜਲਸਾ ਹੈ। ਸਰਕਾਰੀ ਅਮਲਾ ਫੈਲਾ ਵੀ ਹਾਜ਼ਰ ਹੈ। ਐਲਾਨਾਂ ਨਾਲ ਲੋਕਾਂ ਦੀਆਂ ਝੋਲੀਆਂ ਭਰਨੀਆਂ ਹਨ। ਗੁਮਾਸ਼ਤੇ ਚੇਲੇ ਚਾਪੜੇ ਵਾਹ ਵਾਹ ਕਰ ਰਹੇ ਹਨ। ਮਹੰਤ ਹੋਰਾਂ ਦੀ ਗੁੱਡੀ ਸੱਤਵੇਂ ਅਸਮਾਨ 'ਤੇ ਚੜ੍ਹੀ ਹੋਈ ਹੈ। ਜਦੋਂ ਸੁਪਨਾ ਟੁੱਟਦਾ ਹੈ। ਥਾਣੇਦਾਰ ਆਵਾਜ਼ ਦੇ ਰਿਹਾ ਹੈ ਕਿ ਦਰਵਾਜ਼ਾ ਖੋਲ੍ਹੋ, ਮਹੰਤ ਹੋਰੀਂ ਡੇਰੇ ਵਿਚ ਅਫੀਮ ਦੀ ਸਮਗਲਿੰਗ ਦੇ ਦੋਸ਼ ਵਿਚ ਗ੍ਰਿਫਤਾਰ ਕਰ ਲਏ ਜਾਂਦੇ ਹਨ।

ਹਰਚਰਨ ਸਿੰਘ ਨੇ ਨਾਟਕ ਨੂੰ ਰੌਚਿਕ ਬਣਾਉਣ ਲਈ ਸਾਰੀਆਂ ਵਿਧੀਆਂ ਵਰਤੀਆਂ ਹਨ। ਵਿਅੰਗਾਤਮਿਕ ਤੇ ਚੁਸਤ ਵਾਰਤਾਲਾਪ, ਕਵੀਸ਼ਰੀ, ਭੰਡਾਂ ਦਾ ਤਮਾਸ਼ਾ, ਤੂੰਬੀ ਵਾਲਿਆਂ ਦਾ ਗੀਤ ਸਭ ਕੁਝ ਨਾਟਕ ਵਿਚ ਸ਼ਾਮਲ ਹਨ। ਨਾਟਕ ਦੀ ਬਣਤਰ ਇਸ ਤਰ੍ਹਾਂ ਹੈ ਕਿ ਇਹ ਨਿਰਦੇਸ਼ਕ ਦਾ ਨਾਟਕ ਬਣ ਕੇ ਨਿਬੜਦਾ ਹੈ। ਇਹ ਨਿਰਦੇਸ਼ਕ ਉਤੇ ਹੈ ਕਿ ਉਸ ਨੇ ਸਮਕਾਲੀ ਭ੍ਰਿਸ਼ਟ ਵਰਤਾਰੇ ਦੇ ਕਿਹੜੇ ਪੱਖ ਨੂੰ ਵੱਧ ਨਸ਼ਰ ਕਰਨਾ ਹੈ। ਇਹ ਨਿਰਦੇਸ਼ਕ ਨੇ ਵੇਖਣਾ ਹੈ ਕਿ ਉਹਨੇ ਸਿਰਫ ਵਿਅੰਗ ਕਰ ਕੇ, ਲੋਕਾਂ ਨੂੰ ਹਸਾ ਕੇ ਨਾਟਕ ਨੂੰ ਉਨ੍ਹਾਂ ਦੇ ਮਨੋਰੰਜਨ ਤਕ ਸੀਮਤ ਰੱਖਣਾ ਹੈ ਜਾਂ ਨਾਟਕ ਨੂੰ ਇਸ ਤਰ੍ਹਾਂ ਪੇਸ਼ ਕਰਨਾ ਹੈ ਕਿ ਉਹ ਵਿਦਰੋਹ ਦੀ ਆਵਾਜ਼ ਹੋ ਨਿਬੜੇ। ਲਿਖਤ ਵਿਚ ਦੋਨੋਂ ਸੰਭਾਵਨਾਵਾਂ ਹਨ ਕਿਉਂਕਿ ਸਾਰੇ ਨਾਟਕ ਵਿਚ ਵਿਦਰੋਹ ਦੀ ਆਵਾਜ਼ ਨਾਲ ਨਾਲ ਚਲਦੀ ਹੈ। ਅਸੀਂ ਇਸ ਨਾਟਕ ਨੂੰ ਖੇਡਣ ਵੇਲੇ ਦੂਜੇ ਪੱਖ ਨੂੰ ਉਭਾਰਿਆ ਹੈ। ਸਾਡੇ ਕੇਂਦਰ ਦੇ ਸਾਰੇ ਕਲਾਕਾਰਾਂ ਨੇ ਇਸ ਨਾਟਕ 'ਤੇ ਪੂਰੀ ਮਿਹਨਤ ਕੀਤੀ ਹੈ। ਨਾਟਕ ਬਹੁਤ ਹੀ ਸਫਲ ਸਿੱਧ ਹੋਇਆ ਹੈ। ਇਸ ਨੇ ਮਨੋਰੰਜਨ ਵੀ ਕੀਤਾ ਹੈ ਤੇ ਸਮਾਜ ਨੂੰ ਬਦਲਣ ਲਈ ਸੁਨੇਹਾ ਵੀ ਦਿੱਤਾ ਹੈ।




ਨਾਟਕ 'ਕੱਲ੍ਹ, ਅੱਜ ਤੇ ਭਲਕ' ਵਿਚ ਗੁਰਸ਼ਰਨ ਸਿੰਘ, ਕ੍ਰਿਸ਼ਨ ਦੇਵਸਰ, ਜਤਿੰਦਰ, ਬਲਵਿੰਦਰ, ਪਰਮਜੀਤ ਅਤੇ ਗੁਰਦਰਸ਼ਨ।



## ਥੀਏਟਰ ਡਾਇਰੀ

ਗੁਰਸ਼ਰਨ ਸਿੰਘ

## ਪਿੱਛੋਂ ਲਿਖਿਆ ਨੋਟ

ਅੱਜ ਇਸ ਨਾਟਕ ਦੇ ਖੇਡੇ ਜਾਣ ਤੋਂ 19 ਸਾਲਾਂ ਬਾਅਦ ਮੈਂ ਇਹ ਮਹਿਸੂਸ ਕਰਦਾ ਹਾਂ ਕਿ ਅੱਜ ਜੋ ਸੰਤਾਪ ਅਸੀਂ ਪੰਜਾਬ ਵਿਚ ਭੋਗ ਰਹੇ ਹਾਂ ਇਹ ਸਭ ਉਸ ਰਾਜਸੀ ਭ੍ਰਿਸ਼ਟਾਚਾਰ ਦੀ ਦੇਣ ਹੈ ਜਿਸ ਦਾ ਇਸ ਨਾਟਕ ਵਿਚ ਪੂਰੀ ਤਰ੍ਹਾਂ ਨਕਸ਼ਾ ਖਿੱਚਿਆ ਗਿਆ ਸੀ। 20-22 ਸਾਲ ਪਹਿਲੇ ਇਸ ਰਾਜਸੀ ਸਿਸਟਮ ਦੀ ਬੇਹੂਦਗੀ ਪੂਰੀ ਤਰ੍ਹਾਂ ਨੰਗੀ ਹੋ ਚੁੱਕੀ ਸੀ ਪਰ ਅਸੀਂ ਢੀਠਾਂ ਵਾਂਗ ਉਹਨੂੰ ਜਾਰੀ ਰੱਖਿਆ। ਦੁਨੀਆਂ ਦੀ ਸਾਰਿਆਂ ਨਾਲੋਂ ਵੱਡੀ ਜਮਹੂਰੀਅਤ ਦਾ ਨਾਂ ਦੇ ਕੇ ਇਹਦੀ ਵਡਿਆਈ ਕੀਤੀ ਜਦੋਂ ਕਿ ਇਹ ਸਾਬਤ ਹੋ ਚੁੱਕਿਆ ਸੀ ਕਿ ਇਹ ਜਮਹੂਰੀਅਤ ਪੈਸੇ ਦੀ ਖੇਡ ਤੋਂ ਸਿਵਾ ਕੁਝ ਨਹੀਂ ਰਹਿ ਗਈ। ਫਲਸਰੂਪ ਹੁਣ ਸਮਾਜ ਵਿਚ ਹਫੜਾ ਦਫੜੀ ਦੀ ਹਾਲਤ ਹੈ। ਸਾਰੇ ਸਿਸਟਮ ਦੀ ਸਾਖ ਬਿਲਕੁਲ ਖਤਮ ਹੋ ਚੁੱਕੀ ਹੈ। ਵੀਹ ਸਾਲ ਪਹਿਲੇ ਬਗਾਵਤ ਦੀ ਗੱਲ ਸੁਣੀ ਨਹੀਂ ਗਈ (ਨਾਟਕ ਵਿਚ ਦੋ ਪਾਤਰ ਇਸ ਬਗਾਵਤ ਦੇ ਪ੍ਰਤੀਕ ਹਨ)। ਹੁਣ ਉਹ ਗਲਤ ਜਾਂ ਠੀਕ ਢੰਗ ਨਾਲ ਆਪਣੀ ਗੱਲ ਸੁਣਾ ਰਹੇ ਹਨ। ਇਹ ਸਭ ਸੰਤਾਪ ਭੋਗਣਾ ਸਾਡੀ ਹੋਣੀ ਦਾ ਭਾਗ ਬਣ ਗਿਆ ਹੈ। ਹੁਣ ਕੀ ਕਰੀਏ? ਇਸੇ ਨਾਟਕ ਦਾ ਇਕ ਅਗਲਾ ਅੰਕ ਲਿਖਣਾ ਜ਼ਰੂਰੀ ਹੋ ਗਿਆ ਹੈ ਕਿਉਂਕਿ ਇਹ ਸਾਬਤ ਹੋ ਚਲਿਆ ਹੈ ਕਿ ਕਿਸੇ ਥਾਣੇਦਾਰ ਨੇ ਕਿਸੇ ਸਮਗਲਰ ਮਹੰਤ ਚਰਨ ਦਾਸ ਨੂੰ ਨਹੀਂ ਫੜਿਆ। ਨਾਟਕਕਾਰ ਨੇ ਨਾਟਕ ਦੇ ਨਾਂ ਵਿਚ 'ਭਲਕ' ਦਾ ਸ਼ਬਦ ਵਰਤ ਕੇ ਇਸ ਦੀ ਸੰਭਾਵਨਾ ਕਾਇਮ ਰੱਖੀ ਹੈ। ਭਲਕ ਲਈ ਅਸੀਂ ਸੋਚਣਾ ਹੈ ਤੇ ਜੇ ਭਲਕ ਨੂੰ ਚੰਗਾ ਬਣਾਉਣਾ ਹੈ ਤਾਂ ਇਸ ਪ੍ਰਬੰਧਕੀ ਢਾਂਚੇ ਨੂੰ, ਜਿਸ ਨੂੰ ਵਿਧਾਨ ਦੇ ਨਾਂ 'ਤੇ ਖਾਹਮਖਾਹ ਪਵਿੱਤਰਤਾ ਦਾ ਦਰਜਾ ਦਿੱਤਾ ਗਿਆਂ ਹੈ ਬਦਲਨਾ ਜ਼ਰੂਰੀ ਹੋ ਗਿਆ ਹੈ। ਰਾਜਸੀ ਚੇਤਨਾ ਨੂੰ ਪ੍ਰਚੰਡ ਕਰਨ ਲਈ ਇਹ ਨਾਟਕ ਅੱਜ ਵੀ ਜੇਕਰ ਥੋੜ੍ਹੀਆਂ ਬਹੁਤੀਆਂ ਤਬਦੀਲੀਆਂ ਕਰ ਕੇ ਖੇਡਿਆ ਜਾਵੇ ਤਾਂ ਬਹੁਤ ਸਫਲ ਸਿੱਧ ਹੋਵੇਗਾ।